

# Medical Baseline Program

**ਅੱਜ ਹੀ ਅਰਜ਼ੀ ਦਿਓ**

ਜੇ ਤੁਸੀਂ ਕੁਝ ਮੈਡੀਕਲ ਜ਼ਰੂਰਤਾਂ ਲਈ ਬਿਜਲੀ 'ਤੇ ਨਿਰਭਰ ਹੋ, ਤਾਂ PG&E ਤੋਂ ਵਾਧੂ ਸਹਾਇਤਾ ਪ੍ਰਾਪਤ ਕਰੋ।

## ਲਾਭ

- **ਵਿੱਤੀ ਬੱਚਤਾਂ:** ਬਿਜਲੀ ਦੀ ਇੱਕ ਵਾਧੂ ਮਹੀਨਾਵਾਰ ਅਲਾਟਮੈਂਟ ਜਾਂ ਆਪਣੀ ਦਰ ਦੇ ਆਧਾਰ 'ਤੇ ਛੋਟ ਪ੍ਰਾਪਤ ਕਰੋ।
- **ਗਾਹਕ ਸਹਾਇਤਾ:** ਤੁਸੀਂ ਪਬਲਿਕ ਸੇਫਟੀ ਪਾਵਰ ਸ਼ੱਟਆਫ਼ (Public Safety Power Shutoff, PSPS) ਤੋਂ ਪਹਿਲਾਂ ਵਾਧੂ ਚੇਤਾਵਨੀਆਂ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਜਵਾਬ ਨਹੀਂ ਦਿੰਦੇ, ਤਾਂ ਅਸੀਂ ਹਰ ਘੰਟੇ ਵਾਧੂ ਚੇਤਾਵਨੀ ਦੀ ਕੋਸ਼ਿਸ਼ ਕਰਾਂਗੇ, ਜਾਂ ਤੁਹਾਡੇ ਨਾਲ ਵਿਅਕਤੀਗਤ ਤੌਰ 'ਤੇ ਸੰਪਰਕ ਕਰਾਂਗੇ, ਜਦੋਂ ਤੱਕ ਅਸੀਂ ਤੁਹਾਡੇ ਤੱਕ ਨਹੀਂ ਪਹੁੰਚਦੇ।

## ਤੁਸੀਂ ਯੋਗ ਹੋ ਸਕਦੇ ਹੋ ਜੇਕਰ:

- ਤੁਸੀਂ ਇੱਕ ਯੋਗਤਾ ਪ੍ਰਾਪਤ ਮੈਡੀਕਲ ਉਪਕਰਣ ਦੀ ਵਰਤੋਂ ਕਰਦੇ ਹੋ
- ਤੁਹਾਡੀਆਂ ਕੁਝ ਗਰਮ ਜਾਂ ਠੰਡਾ ਕਰਨ ਦੀਆਂ ਜ਼ਰੂਰਤਾਂ ਦੇ ਨਾਲ ਇੱਕ ਚੱਲ ਰਹੀ ਡਾਕਟਰੀ ਸਥਿਤੀ ਹੈ

## ਕੁਝ ਯੋਗ ਉਪਕਰਣਾਂ ਵਿੱਚ ਸ਼ਾਮਲ ਹਨ:

- ਮੋਟਰ ਨਾਲ ਚੱਲਣ ਵਾਲੀ ਵ੍ਹੀਲਚੇਅਰ
- CPAP ਮਸ਼ੀਨਾਂ
- ਸਾਹ ਲੈਣ ਵਾਲੇ ਉਪਕਰਣ
- ਡਾਇਲਸਿਸ ਮਸ਼ੀਨਾਂ

ਹੋਰ ਜਾਣੋ

ਯੋਗ ਮੈਡੀਕਲ ਸਥਿਤੀਆਂ ਅਤੇ ਉਪਕਰਣਾਂ ਦੀ ਸੂਚੀ ਲਈ, ਕਿਰਪਾ ਕਰਕੇ pge.com/medicalbaseline 'ਤੇ ਜਾਓ ਜਾਂ ਫਿਰ **1-800-743-5000** 'ਤੇ ਕਾਲ ਕਰੋ। ਯੋਗਤਾ ਆਮਦਨ 'ਤੇ ਅਧਾਰਿਤ ਨਹੀਂ ਹੈ।

# ਨਾਮਜ਼ਦਗੀ ਕਿਵੇਂ ਕਰੀਏ

**1 ਆਨਲਾਈਨ ਅਰਜ਼ੀ ਦਿਓ**
[pge.com/medicalbaseline](pge.com/medicalbaseline) 'ਤੇ ਅਰਜ਼ੀ ਭਰੋ।

**2 ਈਮੇਲ ਦੁਆਰਾ ਇੱਕ ਪੁਸ਼ਟੀਕਰਣ ਕੋਡ ਪ੍ਰਾਪਤ ਕਰੋ**
ਆਪਣੇ ਮੈਡੀਕਲ ਪ੍ਰੈਕਟੀਸ਼ਨਰ ਦੇ ਨਾਲ ਆਪਣਾ ਕੋਡ ਸਾਂਝਾ ਕਰੋ। ਉਹਨਾਂ ਨੂੰ ਤੁਹਾਡੀ ਅਰਜ਼ੀ ਲਈ ਜਾਣਕਾਰੀ ਔਨਲਾਈਨ ਭਰਣ ਦੀ ਲੋੜ ਹੋਵੇਗੀ।

**3 ਆਪਣੇ ਮੈਡੀਕਲ ਪ੍ਰੈਕਟੀਸ਼ਨਰ ਨੂੰ ਆਪਣੀ ਅਰਜ਼ੀ ਭਰਨ ਲਈ ਕਹੋ**
ਤੁਹਾਡੇ ਮੈਡੀਕਲ ਪ੍ਰੈਕਟੀਸ਼ਨਰ ਇਸ ਗੱਲ ਦੀ ਪੁਸ਼ਟੀ ਕਰਣਗੇ ਕਿ ਕੀ ਤੁਸੀਂ ਪ੍ਰੋਗਰਾਮ ਲਈ ਯੋਗ ਹੋ। ਉਹ ਫਿਰ ਤੁਹਾਡੀ ਔਨਲਾਈਨ ਅਰਜ਼ੀ PG&E ਨੂੰ ਵਾਪਸ ਕਰ ਦੇਣਗੇ।

ਤੁਸੀਂ [pge.com/medicalbaseline](pge.com/medicalbaseline) 'ਤੇ ਜਾ ਕੇ ਵੀ ਅਰਜ਼ੀ ਵਾਲੇ ਫਾਰਮ ਦੀ ਇੱਕ ਕਾਪੀ ਪ੍ਰਿੰਟ ਕਰ ਸਕਦੇ ਹੋ। ਤੁਹਾਡੇ ਮੈਡੀਕਲ ਪ੍ਰੈਕਟੀਸ਼ਨਰ ਨੂੰ ਤੁਹਾਡੀ ਕਾਗਜ਼ੀ ਅਰਜ਼ੀ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ।

**ਇਸ ਪਤੇ 'ਤੇ ਐਪਲੀਕੇਸ਼ਨ ਮੇਲ ਕਰੋ:**

PG&E Billing Center
Medical Baseline
P.O. Box 8329
Stockton, CA 95208

ਵੱਡੇ ਪ੍ਰਿੰਟ ਜਾਂ ਬਰੇਲ ਵਿੱਚ ਕਾਗਜ਼ੀ ਬੇਨਤੀ ਪੱਤਰ ਦੀ ਅਪੀਲ ਕਰਨ ਲਈ ਕਿਰਪਾ ਕਰਕੇ **1-800-743-5000** 'ਤੇ ਕਾਲ ਕਰੋ।

# Medical Baseline ਗਾਹਕਾਂ ਲਈ ਵਾਧੂ ਸਰੋਤ

## PSPS ਬੰਦ ਤੋਂ ਪਹਿਲਾਂ:

- ਦੇਖੋ ਕਿ ਕੀ ਤੁਸੀਂ ਬੰਦ ਦੌਰਾਨ ਬਿਜਲੀ ਉਪਕਰਣਾਂ ਲਈ ਜਨਰੇਟਰ ਛੋਟ, ਪੋਰਟੇਬਲ ਬੈਟਰੀ ਜਾਂ ਬੈਕਅੱਪ ਪਾਵਰ ਟ੍ਰਾਂਸਫਰ ਮੀਟਰ ਲਈ ਯੋਗ ਹੋ। [pge.com/backuppower](pge.com/backuppower)
- ਆਪਣੇ ਫ਼ੋਨ ਵਿੱਚ **1-800-743-5002** ਨੂੰ ਸੁਰੱਖਿਅਤ ਕਰੋ ਤਾਂ ਕਿ ਜਦੋਂ ਅਸੀਂ ਤੁਹਾਡੇ ਨਾਲ ਸੰਪਰਕ ਕਰਦੇ ਹਾਂ ਤਾਂ ਤੁਸੀਂ ਸਾਡੇ ਨੰਬਰ ਨੂੰ ਪਛਾਣ ਸਕੋਗੇ।



## PSPS ਬੰਦ ਦੇ ਦੌਰਾਨ, [pge.com/pspsresources](pge.com/pspsresources) 'ਤੇ ਜਾਓ:

- ਆਪਣੇ ਉਪਕਰਣਾਂ ਨੂੰ ਚਾਰਜ ਕਰਨ ਅਤੇ ਮੁੱਢਲੀ ਅਪੂਰਤੀ ਪ੍ਰਾਪਤ ਕਰਨ ਲਈ ਸਮੁਦਾਇਕ ਸਰੋਤ ਕੇਂਦਰ ਲੱਭੋ
- ਪਹੁੰਚਯੋਗ ਕਾਰ ਸਵਾਰੀਆਂ ਅਤੇ ਹੋਟਲ ਦੇ ਵਿਕਲਪ ਲੱਭੋ।
- ਸਥਾਨਕ ਫੂਡ ਬੈਂਕਾਂ ਤੋਂ ਭੋਜਨ ਦੀ ਤਬਦੀਲੀ ਪ੍ਰਾਪਤ ਕਰੋ।

240+ ਭਾਸ਼ਾਵਾਂ ਵਿੱਚ ਅਨੁਵਾਦ ਸਹਾਇਤਾ ਲਈ, PG&E ਨੂੰ **1-866-743-6589** 'ਤੇ ਕਾਲ ਕਰੋ। ਵੱਡੇ ਪ੍ਰਿੰਟ ਜਾਂ ਬ੍ਰੇਲ ਵਿੱਚ ਸੰਚਾਰ ਪ੍ਰਾਪਤ ਕਰਨ ਲਈ, ਇਸ ਨੰਬਰ **1-800-743-5000** 'ਤੇ ਕਾਲ ਕਰੋ।

ਇਸ ਦਸਤਾਵੇਜ਼ ਵਿੱਚ ਸ਼ਾਮਲ ਕੁਝ ਉਪਾਵਾਂ ਨੂੰ ਜੰਗਲੀ ਅੱਗ ਦੇ ਜੋਖ਼ਮ ਨੂੰ ਹੋਰ ਘਟਾਉਣ ਦੇ ਇਰਾਦੇ ਨਾਲ ਵਾਧੂ ਸਾਵਧਾਨੀ ਸਬੰਧੀ ਉਪਾਅ ਮੰਨਿਆ ਜਾਂਦਾ ਹੈ। "PG&E" Pacific Gas and Electric Company ਨੂੰ ਦਰਸਾਉਂਦਾ ਹੈ, ਜੋ PG&E ਕਾਰਪੋਰੇਸ਼ਨ ਦੀ ਇੱਕ ਸਹਾਇਕ ਕੰਪਨੀ ਹੈ। ©2023 Pacific Gas and Electric Company. ਸਾਰੇ ਹੱਕ ਰਾਖਵੇਂ ਹਨ। CCC-0623-6538. 05/16/2023.